PUNJAB VIDHAN SABHA

DEBATES

Friday, the 18th September, 2015

Vol. XI– No. 1

OFFICIAL REPORT

CONTENTS

Punjab Vidhan Sabha Secretariat, Chandigarh

Price : Rs._________.

PUNJAB VIDHAN SABHA

Friday, the 18th September, 2015

The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2.00 P.M. Mr. Speaker (Doctor Charnjit Singh Atwal) in the Chair.

OBITURARY REFERENCES

ਮਾਨਯੋਗ ਸਪੀਕਰ: ਵਿਧਾਨ ਸਭਾ ਦੇ ਪਿਛਲੇ ਸਮਾਗਮ ਤੋਂ ਅੱਜ ਤੱਕ ਦੇ ਸਮੇਂ ਦੌਰਾਨ ਕਈ ਸਤਿਕਾਰਯੋਗ ਸ਼ਖਸੀਅਤਾਂ ਸਾਡੇ ਤੋਂ ਵਿਛੜ ਗਈਆਂ ਹਨ। ਅੱਜ ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਤਰ ਹੋਏ ਹਾਂ।

ਡਾਕਟਰ ਏ.ਪੀ.ਜੇ.ਅਬਦੁਲ ਕਲਾਮ, ਸਾਬਕਾ ਰਾਸ਼ਟਰਪਤੀ ਸਾਨੂੰ ਮਿਤੀ 27 ਜੁਲਾਈ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 15 ਅਕਤੂਬਰ, 1931 ਨੂੰ ਰਾਮੇਸ਼ਵਰਮ (ਤਾਮਿਲਨਾਡੂ) ਵਿਖੇ ਹੋਇਆ। ਉਹ ਸਾਲ 2002 ਤੋਂ 2007 ਤੱਕ ਭਾਰਤ ਦੇ 11ਵੇਂ ਰਾਸ਼ਟਰਪਤੀ ਵਜੋਂ ਰਹੇ। ਉਹ ਪੇਸ਼ੇ ਵਜੋਂ ਇਕ ਮਹਾਨ ਸਾਇੰਸਦਾਨ ਸਨ, ਜਿਨ੍ਹਾਂ ਨੂੰ "ਮਿਜ਼ਾਇਲ ਮੈਨ ਆਫ ਇੰਡੀਆ" ਵਜੋਂ ਵੀ ਜਾਣਿਆ ਜਾਂਦਾ ਸੀ। ਉਨ੍ਹਾਂ ਨੂੰ 1981 ਵਿਚ "ਪਦਮ ਭੂਸ਼ਨ", ਸਾਲ 1990 ਵਿਚ "ਪਦਮ ਵਿਭੂਸ਼ਨ" ਅਤੇ ਸਾਲ 1997 ਵਿਚ "ਭਾਰਤ ਰਤਨ" ਨਾਲ ਭਾਰਤ ਸਰਕਾਰ ਵੱਲੋਂ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਸਾਲ 1998 ਵਿੱਚ ਪੋਖਰਨ-2 ਨਿਊਕਲੀਅਰ ਟੈਸਟ ਵਿੱਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਨੂੰ ਸਪੇਸ ਨਾਲ ਜੁੜੇ ਹੋਏ ਪ੍ਰੋਜੈਕਟਾਂ ਨਾਲ ਸਾਲ 2013 ਵਿੱਚ ਨੈਸ਼ਨਲ ਸਪੇਸ ਸੋਸਾਇਟੀ ਵੱਲੋਂ ਵੋਨ ਬਰੋਨ ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। ਉਹ ਹਮੇਸ਼ਾ ਹੀ ਮੁੱਢਲੀ ਵਿੱਦਿਆ ਤੇ ਜ਼ੋਰ ਦਿੰਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਕਿਸੇ ਵੀ ਦੇਸ਼ ਦੀ ਤਰੱਕੀ ਲਈ ਮੁੱਢਲੀ ਵਿੱਦਿਆ ਬਹੁਤ ਜ਼ਰੂਰੀ ਹੈ। ਦੇਸ਼ ਦੀ ਤਰੱਕੀ ਤਾਂ ਹੀ ਸੰਭਵ ਹੋ ਸਕਦੀ ਹੈ ਅਗਰ ਉਸ ਦੇਸ਼ ਦੇ ਨਾਗਰਿਕ ਪੜ੍ਹੇ ਲਿਖੇ ਹੋਣ।

ਸ਼੍ਰੀਮਤੀ ਸੁਵਰਾ ਮੁਖਰਜੀ ਧਰਮਪਤਨੀ ਸ਼੍ਰੀ ਪ੍ਰਣਬ ਮੁਖਰਜੀ, ਮਾਨਯੋਗ ਰਾਸ਼ਟਰਪਤੀ, ਭਾਰਤ ਵੀ ਸਾਨੂੰ ਮਿਤੀ 18 ਅਗਸਤ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 17 ਸਤੰਬਰ, 1940 ਨੂੰ Narail (ਨਰੈਲ) (ਬੰਗਲਾਦੇਸ਼) ਵਿਖੇ ਹੋਇਆ। ਉਹ 58 ਸਾਲਾਂ ਦੇ ਸਨ। ਉਨ੍ਹਾਂ ਦੀ

[ਮਾਨਯੋਗ ਸਪੀਕਰ]

ਮੌਤ ਦਿਲ ਦਾ ਦੌਰਾ ਪੈਣ ਕਰਕੇ ਹੋਈ। ਉਨ੍ਹਾਂ ਦੇ ਬਜ਼ੁਰਗ 1950 ਵਿੱਚ ਭਾਰਤ ਵਿੱਚ ਆ ਕੇ ਵੱਸ ਗਏ ਸਨ। ਉਨ੍ਹਾਂ ਨੂੰ ਸੰਗੀਤ ਨਾਲ ਬਹੁਤ ਪਿਆਰ ਸੀ।ਇਸ ਤੋਂ ਇਲਾਵਾ ਉਹ ਇਕ ਨਿਪੁੰਨ ਪੇਂਟਰ ਵੀ ਸਨ।

ਚੌਧਰੀ ਜਗਜੀਤ ਸਿੰਘ, ਸਾਬਕਾ ਕੈਬਨਿਟ ਮੰਤਰੀ ਵੀ ਮਿਤੀ 4 ਅਗਸਤ, 2015 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 26 ਜੁਲਾਈ, 1934 ਨੂੰ ਪਿੰਡ ਧਾਲੀਵਾਲ, ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਉਹ ਸਾਲ 1980, 1985, 1992 ਅਤੇ 1997 ਦੌਰਾਨ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ। ਉਹ ਫਰਵਰੀ 2002-07 ਦੌਰਾਨ ਸਥਾਨਕ ਸਰਕਾਰ, ਲੇਬਰ ਤੇ ਰੋਜ਼ਗਾਰ, ਸੰਸਦੀ ਕਾਰਜ ਮਾਮਲੇ ਅਤੇ ਚੋਣ ਵਿਭਾਗ ਦੇ ਮੰਤਰੀ ਵੀ ਰਹੇ। ਉਨ੍ਹਾਂ ਨੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਲੀਡਰ ਰਹਿੰਦੇ ਹੋਏ ਆਪਣੇ ਹਲਕੇ ਦੇ ਬਹੁਤ ਸਾਰੇ ਵਿਕਾਸ ਦੇ ਕੰਮ ਵੀ ਕਰਵਾਏ। ਉਹ ਪਿੰਡ ਧਾਲੀਵਾਲ ਦੀ ਖੇਤੀਬਾੜੀ ਸਹਿਕਾਰਤਾ ਸਰਵਿਸ ਸੋਸਾਇਟੀ ਦੇ ਪ੍ਰਧਾਨ ਵੀ ਰਹੇ।

ਸ਼੍ਰੀ ਗੋਪਾਲ ਕ੍ਰਿਸ਼ਨ ਚਤੁਰਥ, ਸਾਬਕਾ ਵਿਧਾਇਕ ਵੀ ਸਾਨੂੰ ਮਿਤੀ 11 ਸਤੰਬਰ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 01 ਅਕਤੂਬਰ, 1931 ਨੂੰ ਹੋਇਆ। ਉਹ ਪੰਜਾਬ ਯੂਨੀਵਰਸਿਟੀ ਦੇ ਸੀਨੀਅਰ ਸੈਨੇਟ ਮੈਂਬਰ ਅਤੇ ਪੰਜਾਬ ਦੇ ਸਾਬਕਾ ਐਡਵੋਕੇਟ ਜਨਰਲ ਵੀ ਰਹੇ।

ਸ਼੍ਰੀ ਦੇਵਕੀ ਨੰਦਨ ਖਾਰ, ਉੱਘੇ ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 27 ਅਗਸਤ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 28 ਅਕਤੂਬਰ 1923 ਨੂੰ ਪਿੰਡ ਚਹਿਲਾਂ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਉਨ੍ਹਾਂ ਨੇ ਸੱਤਿਆ ਗ੍ਰਹਿ ਅਤੇ ਭਾਰਤ ਛੱਡੋ ਅੰਦੋਲਨ ਵਿੱਚ ਬਹੁਤ ਵੱਧ ਚੜ੍ਹ ਕੇ ਹਿੱਸਾ ਲਿਆ। ਉਨ੍ਹਾਂ ਨੇ ਦੋ ਵਾਰ ਸਾਢੇ ਚਾਰ-ਚਾਰ ਸਾਲ ਲਈ ਜੇਲ੍ਹ ਵੀ ਕੱਟੀ। ਉਨ੍ਹਾਂ ਨੇ ਭਾਰਤ ਦੀ ਅਜ਼ਾਦੀ ਲਈ ਆਪਣੀ ਪਟਵਾਰੀ ਵਜੋਂ ਸਰਕਾਰੀ ਨੌਕਰੀ ਵੀ ਛੱਡ ਦਿੱਤੀ। ਉਨ੍ਹਾਂ ਨੂੰ ਮਾਨਯੋਗ ਮੁੱਖ ਮੰਤਰੀ, ਪੰਜਾਬ ਵੱਲੋਂ ਮਿਤੀ 15 ਅਗਸਤ, 2013 ਨੂੰ ਉੱਘੇ ਸਮਾਜ ਸੇਵੀ ਵਜੋਂ ਸਟੇਟ ਅਵਾਰਡ ਨਾਲ ਸਨਮਾਨਿਤ ਵੀ ਕੀਤਾ ਗਿਆ।

ਸਰਵਸ਼੍ਰੀ ਸਾਧੂ ਸਿੰਘ ਸੰਧੂ, ਹਰਦਿਆਲ ਸਿੰਘ, ਹਰਨਾਮ ਸਿੰਘ, ਅਮਰ ਸਿੰਘ, ਬਸੰਤ ਸਿੰਘ, ਮਨਮੋਹਨ ਸਿੰਘ, ਮੇਹਰ ਸਿੰਘ, ਨਾਜਰ ਸਿੰਘ, ਸੂਬਾ ਸਿੰਘ

ਸਾਰੇ ਸੁਤੰਤਰਤਾ ਸੰਗਰਾਮੀ ਵੀ ਸਾਨੂੰ ਸਭਨਾ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਇਨ੍ਹਾਂ ਸਾਰਿਆਂ ਨੇ ਆਪਣੀ ਮਿਹਨਤ, ਲਗਨ ਅਤੇ ਦਲੇਰੀ ਨਾਲ ਸਾਡੇ ਮੁਲਕ ਨੂੰ ਅਜ਼ਾਦ ਕਰਵਾਉਣ ਵਿਚ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਹੈ। ਅੱਜ ਅਸੀਂ ਇਹੋ ਜਿਹੇ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਸਦਕਾ ਪ੍ਰਾਪਤ ਹੋਈ ਆਜ਼ਾਦੀ ਦਾ ਨਿੱਘਾ ਆਨੰਦ ਮਾਣ ਰਹੇ ਹਾਂ। ਇਨ੍ਹਾਂ ਦੇ ਯੋਗਦਾਨ ਨੂੰ ਕਦੇ ਵੀ ਨਹੀਂ ਭੁਲਾਇਆ ਜਾ ਸਕਦਾ।

ਇਨ੍ਹਾਂ ਤੋਂ ਇਲਾਵਾ ਡਾ. ਜਸਵੰਤ ਸਿੰਘ ਨੇਕੀ, ਸਾਬਕਾ ਡਾਇਰੈਕਟਰ, ਪੀ.ਜੀ.ਆਈ., ਵੀ ਸਾਨੂੰ ਮਿਤੀ 11 ਸਤੰਬਰ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ 90 ਸਾਲਾਂ ਦੇ ਸਨ। ਉਨ੍ਹਾਂ ਦਾ ਜਨਮ ਪਿੰਡ ਮੁਰੀਦ (ਪਾਕਿਸਤਾਨ) ਵਿਖੇ ਹੋਇਆ। ਉਨ੍ਹਾਂ ਨੇ ਆਪਣੀ ਸਿੱਖਿਆ ਕਿੰਗ ਐਡਵਰਡ ਮੈਡੀਕਲ ਕਾਲਜ, ਲਾਹੌਰ ਅਤੇ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਉਹ ਮਾਨਸਿਕ ਰੋਗ ਵਿਭਾਗ, ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼, ਨਵੀਂ ਦਿੱਲੀ ਦੇ ਮੁੱਖੀ ਵੀ ਰਹੇ। ਉਹ ਸਾਲ 1978 ਤੋਂ 1981 ਤੱਕ ਪੀ.ਜੀ.ਆਈ. ਦੇ ਡਾਇਰੈਕਟਰ ਵੀ ਰਹੇ। ਇਸ ਤੋਂ ਇਲਾਵਾ ਉਹ ਇਕ ਸਿੱਖ ਸਕਾਲਰ ਅਤੇ ਪ੍ਰਸਿੱਧ ਪੰਜਾਬੀ ਕਵੀ ਵੀ ਸਨ। ਉਨ੍ਹਾਂ ਨੇ 20 ਤੋਂ ਜ਼ਿਆਦਾ ਕਿਤਾਬਾਂ ਲਿਖੀਆਂ। ਉਨ੍ਹਾਂ ਨੂੰ ਸਾਲ 1979 ਵਿੱਚ ਸਾਹਿਤ ਅਕੈਡਮੀ ਐਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। ਸਕੂਲੀ ਸਮੇਂ ਦੌਰਾਨ ਉਹ ਮਾਸਟਰ ਤਾਰਾ ਸਿੰਘ ਜੀ ਦੇ ਬੜੇ ਨੇੜੇ ਸਨ ਅਤੇ ਉਹ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਵੀ ਬਣੇ।

ਸ਼੍ਰੀ ਓ.ਪੀ. ਮੁੰਜਾਲ, ਉਘੀ ਸ਼ਖਸੀਅਤ, ਉਘੇ ਉਦਯੋਗਪਤੀ ਅਤੇ ਹੀਰੋ ਗਰੁੱਪ, ਲੁਧਿਆਣਾ ਦੇ ਫਾਊਂਡਰ ਵੀ ਸਾਨੂੰ ਮਿਤੀ 13 ਅਗਸਤ, 2015 ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦਾ ਜਨਮ ਮਿਤੀ 26 ਅਗਸਤ, 1928 ਨੂੰ ਕਮਾਲੀਆ (ਪਾਕਿਸਤਾਨ) ਵਿਚ ਹੋਇਆ ਸੀ। ਉਨ੍ਹਾਂ ਵੱਲੋਂ ਹੀਰੋ ਹਾਰਟ ਇੰਸਟੀਚਿਊਟ, ਚਾਰ ਬੀ.ਸੀ.ਐਮ. ਐਜੂਕੇਸ਼ਨ ਸਕੂਲ ਅਤੇ ਇਕ ਬੀ.ਸੀ.ਐਮ. ਐਜੂਕੇਸ਼ਨ ਕਾਲਜ ਵੀ ਬਣਵਾਇਆ ਗਿਆ।

ਸਰਦਾਰ ਰਾਜਬੀਰ ਸਿੰਘ ਪੜਿਆਲਾ, ਉਘੀ ਸ਼ਖਸੀਅਤ ਵੀ ਸਾਨੂੰ ਮਿਤੀ 30 ਅਪ੍ਰੈਲ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 10 ਮਾਰਚ, 1962 ਨੂੰ ਪਿੰਡ ਪੜਿਆਲਾ, ਜ਼ਿਲ੍ਹਾ ਐਸ.ਏ.ਐਸ. ਨਗਰ

[ਮਾਨਯੋਗ ਸਪੀਕਰ]

ਵਿਖੇ ਹੋਇਆ। ਉਨ੍ਹਾਂ ਨੇ ਹਜ਼ਾਰਾਂ ਹੀ ਵਿਦਿਆਰਥੀਆਂ ਨੂੰ ਮੁਫਤ ਕਾਪੀਆਂ-ਕਿਤਾਬਾਂ, ਵਰਦੀਆਂ ਅਤੇ ਹੋਰ ਸਮਾਨ ਵੰਡਿਆ। ਉਹ ਹਰ ਸਾਲ ਹਜ਼ਾਰਾਂ ਨਵੇਂ ਪੌਦੇ ਲਗਾਉਂਦੇ ਸਨ। ਉਨ੍ਹਾਂ ਨੇ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਜ਼ਿਲ੍ਹਾ ਫੁੱਟਬਾਲ ਲੀਗ ਸ਼ੁਰੂ ਕਰਵਾਈ।

ਸਰਦਾਰ ਸੁਰਿੰਦਰ ਸਿੰਘ ਬਾਦਲ, ਉਘੀ ਸ਼ਖਸੀਅਤ ਵੀ ਸਾਨੂੰ ਮਿਤੀ 16 ਅਗਸਤ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਸਾਲ 1933 ਵਿੱਚ ਪਿੰਡ ਮਿੱਠੜੀ ਬੁਧਗਿਰ, ਤਹਿਸੀਲ ਮਲੋਟ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਇਆ। ਉਹ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਬਲਾਕ ਸੰਮਤੀ ਦੇ ਚੇਅਰਮੈਨ ਰਹੇ। ਉਨ੍ਹਾਂ ਨੇ ਐਮਰਜੈਂਸੀ ਦੇ ਸਮੇਂ ਮਾਨਯੋਗ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨਾਲ ਫਿਰੋਜ਼ਪੁਰ ਜੇਲ੍ਹ ਵਿਚ ਕੈਦ ਵੀ ਕੱਟੀ।

ਸ਼੍ਰੀਮਤੀ ਸਵਦੇਸ਼ ਚੋਪੜਾ, ਸਮਾਜ ਸੇਵਿਕਾ ਵੀ ਸਾਨੂੰ ਮਿਤੀ 7 ਜੁਲਾਈ, 2015 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦਾ ਜਨਮ ਲਾਹੌਰ ਦੇ ਨੇੜੇ ਕੋਟ ਰਾਧਾ ਕ੍ਰਿਸ਼ਨ ਵਿਖੇ ਹੋਇਆ। ਉਹ ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਅਤੇ ਟਰੱਸਟਾਂ ਨਾਲ ਜੁੜੇ ਹੋਏ ਸਨ। ਉਹ ਗਰੀਬ ਲੋਕਾਂ ਦੀ ਭਲਾਈ ਲਈ ਮੈਡੀਕਲ ਕੈਂਪ ਅਤੇ ਬੱਚਿਆਂ ਦੀ ਪੜ੍ਹਾਈ ਲਈ ਪੂਰੀ ਜ਼ਿੰਦਗੀ ਕੰਮ ਕਰਦੇ ਰਹੇ। ਉਹ ਇਕ ਚੰਗੇ ਪ੍ਰਬੰਧਕ ਅਤੇ ਪ੍ਰਵਕਤਾ ਵੀ ਸਨ। ਜਿਨ੍ਹਾਂ ਵੀ ਸੰਸਥਾਵਾਂ ਲਈ ਉਨ੍ਹਾਂ ਨੇ ਕੰਮ ਕੀਤਾ, ਉਨ੍ਹਾਂ ਨੂੰ ਇਕ ਚੰਗੇ ਪ੍ਰਬੰਧਕ ਦੇ ਤੌਰ ਤੇ ਬੁਲੰਦੀਆਂ ਤੇ ਪਹੁੰਚਾਇਆ।

ਬਿਸ਼ਪ ਸਿਮਫੌਰਨ ਕਿਪਰਥ ਥੌਮਸ ਦੀਨ ਦਿਆਲ, ਧਾਰਮਿਕ ਗੁਰੂ ਵੀ ਸਾਨੂੰ ਮਿਤੀ 3 ਮਈ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ 22 ਅਪ੍ਰੈਲ, 1931 ਨੂੰ ਕੇਰਲਾ ਵਿਖੇ ਹੋਇਆ। ਉਨ੍ਹਾਂ ਨੇ ਮਿਤੀ 23 ਮਾਰਚ, 1972 ਨੂੰ ਜਲੰਧਰ ਡਾਇਓਸਿਸ ਦੇ ਪਹਿਲੇ ਬਿਸ਼ਪ ਵਜੋਂ ਗੱਦੀ ਗ੍ਰਹਿਣ ਕੀਤੀ। ਉਹ 15 ਅਪ੍ਰੈਲ, 2007 ਨੂੰ ਆਪਣੇ ਅਹੁਦੇ ਤੋਂ ਸੇਵਾ ਮੁਕਤ ਹੋਏ। ਉਨ੍ਹਾਂ ਨੇ ਧਾਰਮਿਕ ਆਗੂ ਵਜੋਂ 35 ਸਾਲ ਸੇਵਾ ਨਿਭਾਈ। ਉਨ੍ਹਾਂ ਨੇ ਸਾਲ 2002 ਵਿਚ ਜਲੰਧਰ ਵਿਖੇ ਕੈਥੋਲਿਕ ਬਿਸ਼ਪਸ ਕਾਨਫਰੰਸ ਆਫ ਇੰਡੀਆ ਦੇ ਹੋਏ ਸਮਾਗਮ ਵਿਚ ਦੇਸ਼ ਭਰ ਦੇ 149 ਬਿਸ਼ਪਾਂ ਨੂੰ ਅਤੇ ਦੂਜੇ ਧਰਮਾਂ ਦੇ ਮੁੱਖੀਆਂ ਨੂੰ ਬੁਲਾ ਕੇ ਅੰਤਰ-ਧਾਰਮਿਕ ਪਿਆਰ ਸਤਿਕਾਰ ਦਾ ਪ੍ਰਗਟਾਵਾ ਕੀਤਾ।

ਕਾਮਰੇਡ ਜਗਜੀਤ ਸਿੰਘ ਆਨੰਦ, ਉਘੇ ਪੱਤਰਕਾਰ ਵੀ ਸਾਨੂੰ ਮਿਤੀ 19 ਜੂਨ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਮਿਤੀ 28 ਦਸਬੰਰ, 1921 ਨੂੰ ਤਰਨਤਾਰਨ ਵਿਖੇ ਹੋਇਆ। ਉਹ 1974 ਤੋਂ 1980 ਤੱਕ ਰਾਜ ਸਭਾ ਦੇ ਮੈਂਬਰ ਵੀ ਰਹੇ। ਉਹ ਨਵਾਂ ਜ਼ਮਾਨਾ ਅਖਬਾਰ ਦੇ ਮੁੱਖ ਸੰਪਾਦਕ ਵੀ ਸਨ। ਉਨ੍ਹਾਂ ਨੇ ਪੱਤਰਕਾਰੀ ਦੇ ਨਾਲ ਨਾਲ ਪੰਜਾਬੀ ਸਾਹਿਤ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਵੀ ਬਹੁਤ ਅਹਿਮ ਯੋਗਦਾਨ ਪਾਇਆ।

ਸ਼੍ਰੀ ਨੇਕ ਚੰਦ, ਉਘੇ ਕਲਾਕਾਰ ਵੀ ਸਾਨੂੰ ਮਿਤੀ 12 ਜੂਨ, 2015 ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦਾ ਜਨਮ ਮਿਤੀ 15 ਦਸਬੰਰ, 1924 ਨੂੰ ਹੋਇਆ। ਉਨ੍ਹਾਂ ਨੇ ਸਾਲ 1971 ਵਿਚ 50 ਮਜ਼ਦੂਰਾਂ ਨਾਲ ਰੌਕ ਗਾਰਡਨ ਦੇ ਨਿਰਮਾਣ ਦਾ ਕੰਮ ਸ਼ੁਰੂ ਕੀਤਾ। ਡਾਕ ਵਿਭਾਗ ਵੱਲੋਂ ਸਾਲ 1983 ਵਿਚ ਰੌਕ ਗਾਰਡਨ ਤੇ ਟਿਕਟ ਜਾਰੀ ਕੀਤੀ। ਉਨ੍ਹਾਂ ਨੂੰ ਸਾਲ 1983 ਵਿਚ ਪੈਰਿਸ ਵਿਖੇ ਗ੍ਰੈਂਡ ਮੈਡਲ ਆਫ ਵਰਮਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸਾਲ 1984 ਵਿਚ ਭਾਰਤ ਸਰਕਾਰ ਨੇ ਉਨ੍ਹਾਂ ਨੂੰ "ਪਦਮਸ਼੍ਰੀ" ਐਵਾਰਡ ਨਾਲ ਸਨਮਾਨਿਤ ਕੀਤਾ। ਸਾਲ 1997 ਵਿਚ ਵਿਸ਼ਵ ਵਿਚ ਜਾਗਰੂਕਤਾ ਲਈ ਉਨ੍ਹਾਂ ਨੇ ਨੇਕ ਚੰਦ ਫਾਊਂਡੇਸ਼ਨ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਸਾਲ 2004 ਵਿਚ ਵਾਸ਼ਿੰਗਟਨ ਵਿਖੇ ਫੈਂਟੇਸੀ ਸਕਲਪਚਰ ਗਾਰਡਨ ਕੈਪਿਟਲ ਚਿਲਡਰਨ ਮਿਊਜ਼ੀਅਮ ਤਿਆਰ ਕੀਤਾ ਅਤੇ ਨਿਊਯਾਰਕ ਦੇ ਅਜਾਇਬ ਘਰ ਵਿਚ ਵੀ ਜਗ੍ਹਾ ਪਾਈ। ਉਨ੍ਹਾਂ ਵੱਲੋਂ ਸਵਿਟਜ਼ਰਲੈਂਡ ਵਿਚ ਵੀ ਆਰਟ ਸੈਂਟਰ ਸਥਾਪਿਤ ਕੀਤਾ ਗਿਆ।

ਸਰਦਾਰ ਬਲਜੀਤ ਸਿੰਘ, ਸੁਪਰਡੰਟ ਆਫ ਪੁਲਿਸ, ਗੁਰਦਾਸਪੁਰ ਵੀ ਮਿਤੀ 27 ਜੁਲਾਈ, 2015 ਨੂੰ ਦੀਨਾ ਨਗਰ ਵਿਖੇ ਅੱਤਵਾਦੀਆਂ ਨਾਲ ਮੁਕਾਬਲਾ ਕਰਦੇ ਹੋਏ ਸ਼ਹੀਦ ਹੋ ਗਏ। ਉਨ੍ਹਾਂ ਦਾ ਜਨਮ 30 ਮਈ, 1966 ਨੂੰ ਪਿੰਡ ਸਨਤਪੁਰਾ, ਜ਼ਿਲ੍ਹਾ ਕਪੂਰਥਲਾ ਵਿਖੇ ਹੋਇਆ। ਉਹ ਸਾਲ 1986 ਵਿਚ ਪੰਜਾਬ ਪੁਲਿਸ ਵਿਚ ਬਤੌਰ ਏ.ਐਸ.ਆਈ. ਭਰਤੀ ਹੋਏ।

ਸਰਵਸ਼੍ਰੀ ਦੇਸ ਰਾਜ, ਬੋਧ ਰਾਜ ਅਤੇ ਸੁਖਦੇਵ ਸਿੰਘ, ਹੋਮ ਗਾਰਡ ਵਲੰਟੀਅਰਜ਼ ਵੀ ਮਿਤੀ 27 ਜੁਲਾਈ, 2015 ਨੂੰ ਦੀਨਾ ਨਗਰ ਵਿਖੇ ਅੱਤਵਾਦੀਆਂ ਨਾਲ ਮੁਕਾਬਲਾ ਕਰਦੇ ਹੋਏ ਸ਼ਹੀਦ ਹੋ ਗਏ।

ਇਨ੍ਹਾਂ ਤੋਂ ਇਲਾਵਾ ਸ਼੍ਰੀ ਅਮਰਜੀਤ ਸਿੰਘ, ਸ਼੍ਰੀਮਤੀ ਨਿਰਮਲਾ ਦੇਵੀ ਅਤੇ ਸ਼੍ਰੀ ਗੁਲਾਮ ਰਸੂਲ, ਨਾਗਰਿਕ ਵੀ ਮਿਤੀ 27 ਜੁਲਾਈ, 2015 ਨੂੰ ਦੀਨਾ

[ਮਾਨਯੋਗ ਸਪੀਕਰ]

ਨਗਰ ਵਿਖੇ ਅੱਤਵਾਦੀਆਂ ਦੇ ਹਮਲੇ ਦੌਰਾਨ ਸ਼ਹੀਦ ਹੋ ਗਏ।

ਮਨੀਕਰਨ ਸਾਹਿਬ ਵਿਖੇ ਵਾਪਰੇ ਦਰਦਨਾਕ ਹਾਦਸੇ ਵਿੱਚ ਕਈ ਤੀਰਥ ਯਾਤਰੀ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ।

ਇਨ੍ਹਾਂ ਸਭਨਾਂ ਦੇ ਚਲੇ ਜਾਣ ਨਾਲ ਦੇਸ਼, ਰਾਜ ਅਤੇ ਸਾਨੂੰ ਸਾਰਿਆਂ ਨੂੰ ਨਾ ਪੂਰਿਆ ਜਾਣ ਵਾਲਾ ਵੱਡਾ ਘਾਟਾ ਪਿਆ ਹੈ ਅਤੇ ਅਸੀਂ ਉਨ੍ਹਾਂ ਦੀਆਂ ਵੱਡਮੁੱਲੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਵਿਛੜੀਆਂ ਸ਼ਖਸੀਅਤਾਂ ਦੇ ਪਦ ਚਿਨ੍ਹਾਂ ਤੇ ਚਲਦੇ ਹੋਏ ਲੋਕਾਂ ਦੀ ਸੇਵਾ ਵਿਚ ਹਾਜ਼ਰ ਰਹੀਏ। ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਇਨ੍ਹਾਂ ਸ਼ਖਸੀਅਤਾਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀ ਕਲਾ ਵਿਚ ਰੱਖੇ ਅਤੇ ਭਾਣਾ ਮੰਨਣ ਦਾ ਬਲ ਬਖਸ਼ੇ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਜੇ ਤੁਹਾਡੀ ਇਜਾਜ਼ਤ ਹੋਵੇ ਤਾਂ ਮੈਂ ਇਕ ਹੋਰ ਸੁਤੰਤਰਤਾ ਸੈਨਾਨੀ ਦਾ ਨਾਮ ਲੈਣਾ ਚਾਹੁੰਦਾ ਹਾਂ ......

ਮਾਨਯੋਗ ਸਪੀਕਰ : ਤੁਹਾਡਾ ਜੀ?

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਇੱਕ ਬਹੁਤ ਅਹਿਮ ਮਸਲਾ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿੱਚ ਬਹੁਤ ਸਾਰੇ ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ। ਉਨ੍ਹਾਂ ਨੂੰ ਵੀ ਇਸ ਮਸਲੇ ਵਿੱਚ ਸ਼ਾਮਿਲ ਕਰ ਲਿਆ ਜਾਵੇ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਉਨ੍ਹਾਂ ਨਾਲ ਹਮਦਰਦੀ ਅਤੇ ਕਰਜ਼ਾ ਮੁਆਫੀ ਦਾ ਸੁਨੇਹਾ ਭੇਜੋ।

ਮਾਨਯੋਗ ਸਪੀਕਰ : ਕਿਨ੍ਹਾਂ ਦਾ?

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਕਿਸਾਨਾਂ ਦਾ ਜੀ, ਜਿਹੜੇ ਖੁਦਕੁਸ਼ੀਆਂ ਕਰਦੇ ਹਨ।

ਸਰਦਾਰ ਚਰਨਜੀਤ ਸਿੰਘ ਚੰਨੀ : ਮੈਂ ਆਪ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਤੋਂ ਪਿੰਡ ਕਕਰਾਲੀ ਦੇ ਸਰਦਾਰ ਭਗਵਾਨ ਸਿੰਘ ਜੀ, ਜਿਹੜੇ ਕਿ ਸੁਤੰਤਰਤਾ ਸੈਨਾਨੀ ਸੀ.....

ਮਾਨਯੋਗ ਸਪੀਕਰ : ਸੁਤੰਤਰਤਾ ਸੈਨਾਨੀ ਹੈ, ਠੀਕ ਹੈ, ਉਨ੍ਹਾਂ ਦਾ ਨਾਮ ਸ਼ਾਮਿਲ ਕਰ ਲੈਂਦੇ ਹਾਂ।

ਸਰਦਾਰ ਚਰਨਜੀਤ ਸਿੰਘ ਚੰਨੀ : ਉਹ ਆਜ਼ਾਦ ਹਿੰਦ ਫੌਜ ਵਿੱਚ ਰਹੇ ਹਨ। ਲੜਾਈ ਦੇ ਦੌਰਾਨ ਉਨ੍ਹਾਂ ਦੇ ਦੋ ਗੋਲੀਆਂ ਵੀ ਲੱਗੀਆਂ ਸੀ। ਉਹ ਅੱਜ 104 ਸਾਲ ਦੀ ਉਮਰ ਭੋਗ ਕੇ ......

ਮਾਨਯੋਗ ਸਪੀਕਰ : ਠੀਕ ਹੈ ਜੀ, ਇਨ੍ਹਾਂ ਦਾ ਨਾਮ ਸ਼ਾਮਿਲ ਕਰ ਲਵੋ, ਬਾਕੀ ਨਹੀਂ।

ਸਰਦਾਰ ਚਰਨਜੀਤ ਸਿੰਘ ਚੰਨੀ : ਬਹੁਤ ਧੰਨਵਾਦ ਜੀ।

ਮਾਨਯੋਗ ਸਪੀਕਰ : ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ।

(**ਅਵਾਜ਼ਾਂ:** ਹਾਂ ਜੀ, ਹਾਂ ਜੀ)

ਹੁਣ ਮੈਂ, ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਯਾਦ ਵਿਚ ਦੋ ਮਿੰਟ ਮੋਨ ਧਾਰਨ ਕਰਨ ਲਈ ਖੜ੍ਹੇ ਹੋਈਏ।

(ਇਸ ਸਮੇਂ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਦੋ ਮਿੰਟ ਦਾ ਮੋਨ ਧਾਰਨ ਕਰਨ ਲਈ ਖੜ੍ਹੇ ਹੋਏ।)

Mr. Speaker : Thank you. ਹੁਣ ਸਦਨ ਸੋਮਵਾਰ, ਮਿਤੀ 21 ਸਤੰਬਰ, 2015 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੁੰਦਾ ਹੈ।

*2.16 ਵਜੇ ਬਆਦ ਦੁਪਹਿਰ

(*ਇਸ ਉਪਰੰਤ ਸਦਨ ਸੋਮਵਾਰ, 21 ਸਤੰਬਰ, 2015 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ।)

Published under the authority of the Punjab Vidhan Sabha and typesetting & printed by the Controller, Printing & Stationery, Punjab at the Govt. Press, S.A.S. Nagar.

PGP, Mohali/8792/10-2015(5)